## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ),ਪੰਜਾਬ, ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਐਸ.ਏ.ਐਸ.ਨਗਰ

### (ਅਮਲਾ-1 ਸ਼ਾਖਾ)

ਹੁਕਮ ਨੰ: 24/190-2015 ਅਮਲਾ1(1)
ਮਿਤੀ:ਐਸ.ਏ.ਐਸ.ਨਗਰ 26-8-2016

ਸਕੂਲ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਸੈਂਟਰ ਹੈਡ ਟੀਚਰਾਂ ਨੂੰ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪਦ ਉਨਤੀ ਕਰਨ ਲਈ ਚੇਅਰਮੈਨ ਸਕਰੀਨਿੰਗ ਕਮੇਟੀ ਜੀ ਦੀ ਪ੍ਰਧਾਨਗੀ ਹੇਠ ਹੋਈਆਂ ਮੀਟਿੰਗਾਂ ਮਿਤੀ: 5-8-2016, 6-8-2016 ਅਤੇ 8-8-2016 ਵਿੱਚ ਵਿਚਾਰਨ ਉਪਰੰਤ ਯੋਗ ਪਾਏ ਕਰਮਚਾਰੀਆਂ ਦੀਆਂ ਤਰੱਕੀਆਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ) ਪੰਜਾਬ ਅਧੀਨ ਜਿਲ੍ਹਾ ਕਾਡਰ ਗਰੁੱਪ-ਬੀ ਦੀਆਂ ਅਸਾਮੀਆਂ ਦੀ ਤਰੱਕੀ ਪ੍ਰਸੋਨਲ ਵਿਭਾਗ ਪੰਜਾਬ ਸਰਕਾਰ (ਪੀ.ਪੀ.-1 ਸ਼ਾਖਾ) ਦੇ ਅੰ:ਵਿ:ਪੱ ਨੰ: 4/43/09-3ਪੀ.ਪੀ.1/2137 ਮਿਤੀ: 10-12-2009 ਅਤੇ ਅੰ:ਵਿ:ਪੱ:ਨੰ: 4/43/09-3ਪੀ.ਪੀ.1/573 ਮਿਤੀ: 17-7-2012 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਬਿਨ੍ਹਾ ਡੀ.ਪੀ.ਸੀ. ਤੋਂ ਕੀਤੀ ਜਾਣੀ ਹੈ। ਨਾਨ ਗਜਟਿਡ ਅਧਿਕਾਰੀਆਂ ਦੀਆਂ ਇਹ ਤਰੱਕੀਆਂ ਕੇਵਲ ਕਾਇਮ ਮੁਕਾਮ ਹਨ ਅਤੇ ਪ੍ਰਮੋਸ਼ਨ ਕੋਟੇ ਦੀਆਂ 75% ਅਸਾਮੀਆਂ ਲਈ ਨਿਯਮ ਜੋ ਪਹਿਲਾਂ ਪੰਜਾਬ ਸਟੇਟ ਐਜੂਕੇਸ਼ਨ ਕਲਾਸ-3 (ਪ੍ਰਾਇਮਰੀ ਸਕੂਲ ਕਾਡਰ) ਸੇਵਾ ਨਿਯਮ, 1997 ਅਧੀਨ ਕਵਰ ਹੁੰਦੀਆਂ ਸਨ, ਨੂੰ ਹੁਣ ਬੀ- ਕੈਟਾਗਰੀ ਵਿੱਚ ਆ ਜਾਣ ਕਾਰਨ ਉਕਤ ਕਮੇਟੀ ਦੀ ਸਿਫਾਰਸ਼ ਅਨੁਸਾਰ ਤਨਖਾਹ ਸਕੇਲ 10300-34800+5000 ਗਰੇਡ ਪੇ ਸਕੇਲ ਵਿੱਚ ਹੇਠ ਲਿਖਤ ਅਨੁਸਾਰ ਕੀਤੀਆਂ ਜਾਂਦੀਆਂ ਹਨ।

| ਗੁਰਦਾਸਪੁਰ |
| --- |

ਮੰਨਜੂਰਸ਼ੁਦਾ ਆਸਾਮੀਆਂ ਦੀ ਗਿਣਤੀ- 17
ਤਰੱਕੀ ਕੋਟੇ ਦੀਆਂ ਭਰੀਆਂ ਆਸਾਮੀਆਂ ਦੀ ਗਿਣਤੀ (ਐਸ.ਸੀ./ਜਨਰਲ/ਅੰਗਹੀਣ) -08

ਇਸ ਵੇਲੇ ਖਾਲੀ ਤਰੱਕੀ ਕੋਟੇ ਦੀਆਂ ਆਸਾਮੀਆਂ ਦੀ ਗਿਣਤੀ–05

ਸਿੱਧੀ ਭਰਤੀ ਕੋਟੇ ਦੀਆਂ ਆਸਾਮੀਆਂ ਦੀ ਗਿਣਤੀ-04

ਰੋਸਟਰ ਨੁਕਤਾ ਨੰ: (ਸਾਲ 2014 ਦਾ)–10 ਤੱਕ ਭਰਿਆ ਹੈ।

| ਲੜੀ ਨੰ: | ਕਰਮਚਾਰੀ ਦਾ ਨਾਮ | ਸਕੂਲ | ਕੈਟਾਗਰੀ | ਸੀਨੀ ਆਰਤਾ ਨੰ: | ਰਿਟਾਇਰਮੈਂਟ ਦੀ ਮਿਤੀ | ਵਿਸੇਸ ਕਥਨ |
|---|---|---|---|---|---|---|
| 1 | ਹਰਜੀਤ ਸਿੰਘ | ਨੱਬੀਪੁਰ | ਜਨਰਲ | 32 | 02.05.2030 | |
| 2 | ਲਖਵਿੰਦਰ ਸਿੰਘ | ਵੀਲਾ ਬੱਜ | ਜਨਰਲ | 2 | 31.12.2020 | |
| 3 | ਨੀਲਮ ਕੁਮਾਰੀ | ਨੌਸਹਿਰਾ ਮੱਝਾ ਸਿੰਘ | ਜਨਰਲ | 9 | 30.04.2019 | |
| 4 | ਕੁਲਵਿੰਦਰ ਜੀਤ | ਕਲਾਨੋਰ | ਜਨਰਲ | 10 | 31.01.2020 | |
| 5 | ਸੰਤੋਸ਼ ਕੁਮਾਰੀ | ਗੱਜਾ | ਐਸ.ਸੀ | 12 | 28.02.2020 | |

ਇਨ੍ਹਾਂ ਪਦ ਉਨਤੀਆਂ ਤੇ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:–

1) ਇਹਨਾਂ ਤਰੱਕੀਆਂ ਲਈ ਇੱਕ ਸਾਲ ਦਾ ਪਰਖ ਕਾਲ ਹੋਵੇਗਾ। ਜੇਕਰ ਇਸ ਸਮੇਂ ਦੌਰਾਨ ਸਬੰਧਤ ਅਧਿਕਾਰੀ ਦਾ ਕੰਮ ਅਤੇ ਆਚਰਨ ਤਸੱਲੀ ਬਖਸ਼ ਨਹੀਂ ਪਾਇਆ ਗਿਆ ਤਾਂ ਪਰਖ ਕਾਲ ਸਮਾਂ ਨਿਯਮਾਂ ਅਨੁਸਾਰ ਵਧਾ ਦਿੱਤਾ ਜਾਵੇਗਾ।
2) ਇਹ ਪਦ ਉੱਨਤ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਆਪਣੀ ਹਾਜਰੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਨੂੰ ਮਿਤੀ 29/08/2016 ਤੱਕ ਪੇਸ਼ ਕਰਨਗੇ।
3) ਇਹ ਹੁਕਮ ਪਦ ਉੱਨਤ ਹੋਏ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਦੇ ਹਾਜਰ ਹੋਣ ਦੀ ਮਿਤੀ ਤੋਂ ਹੀ ਲਾਗੂ ਹੋਣਗੇ।
4) ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਡਾਇਰੈਕਟੋਰੇਟ (ਐ:ਸਿ:) ਨੂੰ ਨਿਸ਼ਚਿਤ ਮਿਤੀ ਤੱਕ ਹਾਜਰ ਨਾ ਹੋਣ ਵਾਲੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀ ਰਿਪੋਰਟ ਲਿਖਤੀ ਰੂਪ ਵਿੱਚ ਮਿਤੀ 31/08/2016 ਤੱਕ ਹਰ ਹਾਲਤ ਵਿਚ ਪੇਸ਼ ਕਰਨਾਂ ਯਕੀਨੀ ਬਣਾਉਣਗੇ।

5) ਇਹਨਾਂ ਤਰੱਕੀਆਂ ਤੇ ਮਾਨਯੋਗ ਵੱਖ-ਵੱਖ ਅਦਾਲਤਾਂ ਵਲੋਂ ਸਮੇਂ-ਸਮੇਂ ਤੇ ਕੀਤੇ ਜਾਣ ਵਾਲੇ ਫੈਸਲੇ ਲਾਗੂ ਹੋਣਗੇ।

ਪੰਕਜ ਸ਼ਰਮਾ

ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ),ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: ਐਸ.ਏ.ਐਸ.ਨਗਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ. ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਸਰਕਾਰ, ਚੰਡੀਗੜ੍ਹ।

2) ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਸਿੱਖਿਆ ਵਿਭਾਗ(ਸਿ-7 ਸ਼ਾਖਾ) ਚੰਡੀਗੜ੍ਹ।

3) ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਗੁਰਦਾਸਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਆਪਣੇ ਪੱਧਰ ਤੇ ਲਿਖਤੀ ਰੂਪ ਵਿਚ ਉਸ ਦੀ ਪਦ ਉੱਨਤੀ ਸਬੰਧੀ ਨੋਟ ਕਰਵਾਇਆ ਜਾਵੇ ਅਤੇ ਹਾਜਰ ਕਰਵਾਉਣ ਤੋਂ ਪਹਿਲਾਂ ਉਸਦਾ ਅਸਲ ਗੁਪਤ ਰਿਕਾਰਡ ਚੈਕ ਕਰਨਾ ਯਕੀਨੀ ਬਣਾਇਆ ਜਾਵੇ। ਕਰਮਚਾਰੀ ਵਿਰੁੱਧ ਕੋਈ ਸਿਕਾਇਤ ਇੰਨਕੁਆਰੀ ਪੈਡਿੰਗ ਨਾ ਹੋਵੇ। ਜੇਕਰ ਅਜਿਹਾ ਮਾਮਲਾ ਕੋਈ ਧਿਆਨ ਵਿੱਚ ਆਉਂਦਾ ਹੈ ਤਾਂ ਕਰਮਚਾਰੀ ਨੂੰ ਤਰੱਕੀ ਉਪਰੰਤ ਹਾਜਰ ਨਾ ਕਰਵਾਇਆ ਜਾਵੇ ਅਤੇ ਉਸਦਾ ਕੇਸ ਡਾਇਰੈਕਟੋਰੇਟ ਨੂੰ ਭੇਜਿਆ ਜਾਵੇ।

4) ਮੰਡਲ ਸਿੱਖਿਆ ਅਫਸਰ(ਫਰੀਦਕੋਟ, ਜਲੰਧਰ, ਨਾਭਾ)।

5) ਜਿਲ੍ਹਾ ਖਜਾਨਾ ਅਫਸਰ ਗੁਰਦਾਸਪੁਰ।

6) ਸਬੰਧਤ ਕਰਮਚਾਰੀ।

ਸਹਾਇਕ ਡਾਇਰੈਕਟਰ(ਅਮਲਾ)

26/8/16